# ਉਮੀਦਵਾਰਾਂ ਲਈ ਹਦਾਇਤਾਂ

## (ਬੀ.ਪੀ. ਟੈਸਟ-2018)

1. ਉਮੀਦਵਾਰ ਪਾਸ ਆਪਣਾ ਐਡਮਿਟ ਕਾਰਡ ਅਤੇ ਸ਼ਨਾਖਤੀ ਕਾਰਡ ਜਰੂਰ ਹੋਣਾ ਚਾਹੀਦਾ ਹੈ। ਜੋ ਮੇਨ ਗੇਟ ਤੇ ਇੰਟਰੀ ਸਮੇਂ ਉਸਦੇ ਹੱਥ ਵਿੱਚ ਫੜਿਆ ਹੋਵੇਗਾ।
2. ਉਮੀਦਵਾਰ ਪਾਸ ਕੋਈ ਵਸਤੂ ਜਿਵੇ ਕਿ ਘੜੀ, ਪਰਸ, ਮੋਬਾਇਲ, ਬਲਿਊ ਟੂੱਥ/ਪਰਚੀ, ਪੈਨ, ਗੱਤਾ ਆਦਿ ਨਹੀਂ ਹੋਣੀਆਂ ਚਾਹੀਦੀਆਂ।
3. ਉਮੀਦਵਾਰ ਪੇਪਰ ਦੌਰਾਨ ਗੱਲਾਂ ਨਹੀਂ ਕਰਨਗੇ। ਪੇਪਰ ਦੌਰਾਨ ਨਕਲ ਕਰਨ ਵਾਲੇ ਖਿਲਾਫ ਵਿਭਾਗੀ ਕਾਰਵਾਈ ਕੀਤੀ ਜਾਵੇਗੀ।
4. ਉਮੀਦਵਾਰ ਨੂੰ ਪੇਪਰ ਕਰਨ ਵਾਸਤੇ ਪੈਨ ਅਤੇ ਗੱਤਾ ਬੋਰਡ ਵਲੋਂ ਦਿੱਤਾ ਜਾਵੇਗਾ।
5. ਉੱਤਰ ਪੱਤਰੀ (ਓ.ਐਮ.ਆਰ. ਸ਼ੀਟ) ਅਤੇ Attendance Sheet ਨੂੰ ਸਹੀ ਢੰਗ ਨਾਲ ਭਰਨ ਨੂੰ ਯਕੀਨੀ ਬਣਾਇਆ ਜਾਵੇ।
6. ਜਦੋਂ ਉਮੀਦਵਾਰ ਆਪਣੀ ਲਾਈਨ ਵਿੱਚ ਆਪਣੇ ਰੋਲ ਨੰਬਰ ਤੇ ਬੈਠ ਜਾਵੇਗਾ ਤਾਂ ਆਪਣਾ ਆਈ.ਡੀ. ਕਾਰਡ ਫੋਟੋ ਹੋਣ ਤੋਂ ਬਾਅਦ ਲਾਈਨ ਇੰਚਾਰਜ ਪਾਸ ਜਮਾ ਕਰਵਾਏਗਾ ਅਤੇ ਓ.ਐਮ.ਆਰ. ਸ਼ੀਟ ਪੇਪਰ ਤੋਂ ਬਾਅਦ ਜਮਾ ਕਰਵਾ ਕੇ ਆਪਣਾ ਸ਼ਨਾਖਤੀ ਕਾਰਡ ਲਾਈਨ ਇੰਚਾਰਜ ਪਾਸੋਂ ਆਪ ਖੁੱਦ ਵਾਪਸ ਲੈਣ ਦਾ ਜਿੰਮੇਵਾਰ ਹੋਵੇਗਾ।
7. ਪੇਪਰ ਗਰਾਂਊਂਡ ਵਿੱਚੋਂ ਬਾਹਰ ਜਾਣ ਦੀ ਇਜਾਜਤ ਮਿਲਣ ਤੇ ਬਾਹਰ ਜਾਣ ਤੋਂ ਪਹਿਲਾਂ ਓ.ਐਮ.ਆਰ. ਸ਼ੀਟ ਜਮਾ ਕਰਵਾਕੇ ਜਾਵੇਗਾ।
8. ਉਮੀਦਵਾਰ ਆਪਣੇ ਨਾਲ ਪੀਣ ਵਾਲੇ ਪਾਣੀ ਦੀ ਬੋਤਲ ਲੈ ਕੇ ਆਵੇਗਾ।
9. ਉਮੀਦਵਾਰ ਰਫ ਕੰਮ ਪ੍ਰਸ਼ਨ ਪੱਤਰੀ ਦੇ ਆਖਰੀ ਪੰਨੇ ਤੇ ਕਰ ਸਕਦੇ ਹਨ।
10. ਉਮੀਦਵਾਰ ਗੱਤਾ ਅਤੇ ਪੈਨ ਜਮਾ ਕਰਵਾ ਕੇ ਜਾਣਗੇ।
11. ਪੇਪਰ ਦਾ ਸਮਾਂ ਇੱਕ ਘੰਟਾ ਬੀਤ ਜਾਣ ਤੋਂ ਬਾਅਦ ਅਗਰ ਕੋਈ ਕਰਮਚਾਰੀ ਪੇਪਰ ਵਿੱਚੋਂ ਜਾਣਾ ਚਾਹੁੰਦਾ ਹੈ ਤਾਂ ਉਹ ਓ.ਐਮ.ਆਰ. ਸ਼ੀਟ, ਗੱਤਾ, ਪੈਨ, ਲਾਈਨ ਇੰਚਾਰਜ ਕੋਲ ਜਮਾ ਕਰਵਾ ਕੇ ਆਪਣਾ ਆਈ.ਡੀ. ਕਾਰਡ ਖੁੱਦ ਵਾਪਸ ਲੈ ਕੇ ਜਾਵੇਗਾ।
12. ਉਮੀਦਵਾਰ ਮੇਲ/ਫੀ-ਮੇਲ ਕੋਈ ਵੀ ਹੋਵੇ ਆਪਣੇ ਖੱਬੇ ਹੱਥ ਦਾ ਅੰਗੂਠਾ ਓ.ਐਮ.ਆਰ ਸ਼ੀਟ ਪਰ ਲਗਾਏਗਾ।
13. ਉਮੀਦਵਾਰ ਅੰਗੂਠਾ ਸਾਫ ਕਰਨ ਲਈ ਆਪਣੇ ਨਾਲ ਰੁਮਾਲ ਆਦਿ ਲੈ ਕੇ ਆਵੇਗਾ ਅਤੇ ਓ.ਐਮ.ਆਰ. ਸ਼ੀਟ ਤੇ ਅੰਗੂਠਾ ਲਗਾਉਣ ਤੋਂ ਬਾਅਦ ਤੁਰੰਤ ਆਪਣਾ ਅੰਗੂਠਾ ਸਾਫ ਕਰ ਲਵੇਗਾ ਤਾਂ ਕਿ ਓ.ਐਮ.ਆਰ. ਸ਼ੀਟ ਉੱਪਰ ਕੋਈ ਨਿਸ਼ਾਨ ਨਾ ਲੱਗ ਜਾਵੇ।
14. ਲੇਟ ਉਮੀਦਵਾਰ ਨੂੰ ਪੇਪਰ ਵਿੱਚ ਬੈਠਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।
15. ਉਮੀਦਵਾਰ 07.30 ਵਜੇ ਸੁਬਾ ਆਪਣੇ-ਆਪਣੇ ਰੋਲ ਨੰਬਰ/ਸੀਟ ਪਰ ਬੈਠ ਜਾਣਗੇ।